# ਘਰ ਵਿਖੇ ਖੁਦ-ਟੀਕਾ ਲਾਉਣ ਲਈ ਇੱਕ ਕਦਮ ਦਰ ਕਦਮ ਗਾਈਡ

(ਚਮੜੀ ਹੇਠ ਟੀਕਾ ਲਾਉਣ ਵਾਸਤੇ)

ਖੁਦ- ਟੀਕਾ ਲਾਉਣ ਲਈ ਗਾਈਡਾਂ ਦੇਖਣ ਵਾਸਤੇ ਸਕੈਨ ਕਰੋ:

**ਵਧੇਰੇ ਜਾਣਕਾਰੀ ਵਾਸਤੇ, ਕਿਰਪਾ ਕਰਕੇ ਦੇਖੋ:**

**WWW.IBSAPHARMA.CO.UK**

ਤਿਆਰ ਕਰਨ ਦੀ ਤਾਰੀਖ: ਫਰਵਰੀ 2023

ਮਨਜ਼ੂਰੀ ਕੋਡ: UKCOR00157

# ਜਾਣ-ਪਛਾਣ

ਇਸ ਤੋਂ ਪਹਿਲਾਂ ਕਿ ਤੁਸੀਂ ਇਲਾਜ ਸ਼ੁਰੂ ਕਰੋਂ, ਆਪਣੀ 'ਹੋਮ ਕੇਅਰ ਕਿੱਟ' ਵਿਚਲੇ ਅੰਸ਼ਾਂ ਦੀ ਜਾਂਚ ਕਰੋ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਹੇਠ ਲਿਖੀਆਂ ਚੀਜ਼ਾਂ ਇਸ ਵਿੱਚ ਸ਼ਾਮਲ ਹਨ:

20 x 2 ਮਿ.ਲੀ. ਸਰਿੰਜਾਂ
20 x ਹਰੀਆਂ ਸਰਿੰਜ ਭਰਨ ਵਾਲੀਆਂ ਸੂਈਆਂ
20 x ਪੀਲ਼ੀਆਂ ਟੀਕਾ ਲਾਉਣ ਵਾਲੀਆਂ ਸੂਈਆਂ
20 x ਅਲਪ-ਪਾਰਦਰਸ਼ੀ ਪਲਾਸਟਿਕ ਐਂਪਾਉਲ ਸਨੈਪਰ
1 x ਪਲਾਸਟਿਕ ਦਾ ਤਿੱਖੀਆਂ ਚੀਜ਼ਾਂ ਪਾਉਣ ਵਾਲਾ ਕੂੜਾਦਾਨ

ਤਿੱਖੀਆਂ ਚੀਜ਼ਾਂ ਪਾਉਣ ਵਾਲੇ ਕੂੜੇਦਾਨ ਦੇ ਆਧਾਰ ਉੱਤੇ ਇਸਦਾ ਉੱਪਰਲਾ ਭਾਗ ਸੁਰੱਖਿਅਤ ਕਰਕੇ ਲਗਾਓ, ਪਰ ਢੱਕਣ ਬੰਦ ਨਾ ਕਰੋ।

ਜਾਂਚ ਕਰੋ ਕਿ ਤੁਹਾਡੇ ਕੋਲ ਪ੍ਰਜਣਨ ਸ਼ਕਤੀ ਵਾਲੀ ਦਵਾਈ (fertility drug) ਦੀਆਂ ਸ਼ੀਸ਼ੀਆਂ ਦੀ ਸਹੀ ਸੰਖਿਆ ਅਤੇ ਸ਼ਕਤੀ ਹੈ ਜਿਵੇਂ ਕਿ ਤੁਹਾਡੇ ਨੁਸਖੇ (prescription) ਉੱਤੇ ਦੱਸਿਆ ਗਿਆ ਹੈ।

ਤੁਹਾਡੇ ਕੋਲ ਓਨੀ ਹੀ ਸੰਖਿਆ ਵਿੱਚ ਘੋਲਕ ਐਂਪਾਉਲ (solvent ampoules) ਹੋਣੇ ਚਾਹੀਦੇ ਹਨ ਜਿੰਨੀਆਂ ਪ੍ਰਜਣਨ ਸ਼ਕਤੀ ਵਾਲੀ ਦਵਾਈ ਦੀਆਂ ਸ਼ੀਸ਼ੀਆਂ ਹਨ।

ਕਿਸੇ ਮਾਹਰ ਨੇ ਪਹਿਲਾਂ ਹੀ ਤੁਹਾਡੇ ਨਾਲ ਘਰ ਵਿਖੇ ਖੁਦ ਟੀਕੇ ਲਗਾਉਣ ਅਤੇ ਤਿੱਖੀਆਂ ਚੀਜ਼ਾਂ ਪਾਉਣ ਵਾਲੇ ਕੂੜੇਦਾਨ ਦੀ ਵਰਤੋਂ ਬਾਰੇ ਤੁਹਾਡੇ ਨਾਲ ਗੱਲ ਕੀਤੀ ਹੋਵੇਗੀ। ਇਹ ਕਿਤਾਬਚਾ ਅਤੇ ਜਿਸ ਕਿੱਟ ਦਾ ਇਹ ਹਵਾਲਾ ਦਿੰਦਾ ਹੈ, ਸਬਕਿਊਟੇਨੀਅਸ ਟੀਕਿਆਂ (ਚਮੜੀ ਹੇਠਾਂ ਲਾਏ ਜਾਂਦੇ ਟੀਕਿਆਂ) ਵਾਸਤੇ ਹਨ।

ਜਦ ਤਿੱਖੀਆਂ ਚੀਜ਼ਾਂ ਪਾਉਣ ਵਾਲਾ ਕੂੜੇਦਾਨ ਭਰ ਜਾਂਦਾ ਹੈ ਜਾਂ ਤੁਸੀਂ ਆਪਣੇ ਸਾਰਾ ਇਲਾਜ ਖਤਮ ਕਰ ਲਿਆ ਹੈ, ਤਾਂ ਤਿੱਖੀਆਂ ਚੀਜ਼ਾਂ ਪਾਉਣ ਵਾਲੇ ਕੂੜੇਦਾਨ ਨੂੰ ਸੀਲ ਕਰ ਦਿਓ ਅਤੇ ਇਸ ਨੂੰ ਆਪਣੇ ਕਲੀਨਿਕ ਵੱਲੋਂ ਦਿੱਤੀਆਂ ਹਿਦਾਇਤਾਂ ਅਨੁਸਾਰ ਸੁੱਟੋ।

ਇਸ ਤੋਂ ਪਹਿਲਾਂ ਕਿ ਤੁਸੀਂ ਪਹਿਲਾ ਟੀਕਾ ਤਿਆਰ ਕਰੋਂ, ਆਪਣੇ ਹੱਥ ਧੋਵੋ ਅਤੇ ਯਕੀਨੀ ਬਣਾਓ ਕਿ ਤੁਹਾਡੇ ਕੋਲ ਇੱਕ ਸਾਫ਼ ਕਾਰਜ ਸਤਹ ਹੋਵੇ ਜਿੱਥੇ ਤੁਹਾਨੂੰ ਲੋੜੀਂਦੀਆਂ ਸਾਰੀਆਂ ਚੀਜ਼ਾਂ ਨੂੰ ਰੱਖਿਆ ਜਾਣਾ ਹੈ:-

1. ਇੱਕ ਐਂਪਾਉਲ ਸਨੈਪਰ
2. ਇੱਕ 2 ਮਿ.ਲੀ. ਸਰਿੰਜ
3. ਇੱਕ ਲੰਬੀ, ਹਰੀ ਸਰਿੰਜ ਭਰਨ ਵਾਲੀ ਸੂਈ
4. ਇੱਕ ਛੋਟੀ, ਪੀਲ਼ੀ ਟੀਕਾ ਲਾਉਣ ਵਾਲੀ ਸੂਈ
5. ਤੁਹਾਡੀ ਦਵਾਈ

ਜੇ ਸੂਈਆਂ ਜਾਂ ਸਰਿੰਜਾਂ ਦੀ ਪੈਕੇਜਿੰਗ ਇਸ ਤਰ੍ਹਾਂ ਨੁਕਸਾਨੀ ਜਾਂਦੀ ਹੈ ਕਿ ਕੀਟਾਣੂੰ-ਮੁਕਤ ਸੀਲ ਟੁੱਟ ਜਾਂਦੀ ਹੈ, ਤਾਂ ਉਹਨਾਂ ਸਰਿੰਜਾਂ ਜਾਂ ਸੂਈਆਂ ਦੀ ਵਰਤੋਂ ਨਾ ਕਰੋ, ਪਰ ਇਹਨਾਂ ਨੂੰ ਤਿੱਖੀਆਂ ਚੀਜ਼ਾਂ ਪਾਉਣ ਵਾਲੇ ਕੂੜੇਦਾਨ ਵਿੱਚ ਸੁੱਟ ਦਿਓ।

ਆਪਣੇ ਪਹਿਲੇ ਟੀਕੇ ਵਾਸਤੇ ਤੁਹਾਡੀ ਤਿਆਰ ਕੀਤੀ ਸਤਹ ਉੱਤੇ ਸਹੀ ਸੰਖਿਆ ਵਿੱਚ ਸ਼ੀਸ਼ੀਆਂ (ਦਵਾਈ) ਅਤੇ ਐਂਪਾਉਲ (ਘੋਲਕ) ਨੂੰ ਰੱਖੋ।

# 1. ਸਰਿੰਜ ਅਤੇ ਸੂਈ ਦੀ ਤਿਆਰੀ



ਇੱਕ ਲੰਬੀ, ਹਰੀ ਸਰਿੰਜ ਭਰਨ ਵਾਲੀ ਸੂਈ ਦਾ ਕਵਰ ਉਤਾਰੋ।

ਪੈਕੇਜਿੰਗ ਵਿੱਚੋਂ ਇੱਕ ਸਰਿੰਜ ਬਾਹਰ ਕੱਢੋ।

ਸੂਈ ਦੇ ਰੱਖਿਆਤਮਕ ਕਵਰ ਨੂੰ ਆਪਣੀ ਥਾਂ 'ਤੇ ਲੱਗਾ ਹੋਇਆ ਛੱਡਦੇ ਹੋਏ, ਸਰਿੰਜ ਭਰਨ ਵਾਲੀ ਸੂਈ ਨੂੰ ਸਰਿੰਜ ਨਾਲ ਅਟੈਚ ਕਰੋ।

ਸਰਿੰਜ ਅਤੇ ਸੂਈ ਨੂੰ ਕਾਰਜ ਸਤਹ ਉੱਤੇ ਰੱਖੋ।

# 2. ਘੋਲ਼ ਵਾਲੇ ਐਂਪਾਊਲ ਨੂੰ ਖੋਲ੍ਹਣਾ



ਐਂਪਾਊਲ ਦੀ ਗਰਦਨ ਉੱਤੇ ਦਿਖਣਯੋਗ ਰੰਗਦਾਰ ਬਿੰਦੂ ਤੋਂ ਨੀਚੇ, ਸ਼ੀਸ਼ੇ ਨੂੰ ਸਕੋਰ ਕੀਤਾ ਗਿਆ ਹੈ ਤਾਂ ਜੋ ਇਸਨੂੰ ਵਧੇਰੇ ਆਸਾਨੀ ਨਾਲ ਤੋੜਿਆ ਜਾ ਸਕੇ। ਘੋਲ਼ਕ ਦਾ ਇੱਕ ਐਂਪਾਊਲ ਲਓ ਅਤੇ ਹੌਲੀ ਜਿਹੇ ਸਿਖਰਲੇ ਸੈਕਸ਼ਨ ਨੂੰ ਠਕੋਰੋ ਤਾਂ ਜੋ ਉੱਪਰ ਫਸਿਆ ਕੋਈ ਤਰਲ ਡਿੱਗ ਕੇ ਚੈਂਬਰ ਦੇ ਤਲ 'ਤੇ ਚਲਾ ਜਾਵੇ।

ਇੱਕ ਹੱਥ ਵਿੱਚ ਐਂਪਾਊਲ ਨੂੰ ਇਸ ਤਰ੍ਹਾਂ ਪਕੜੋ ਕਿ ਬਿੰਦੂ ਤੁਹਾਡੇ ਤੋਂ ਦੂਰ ਵਾਲੇ ਪਾਸੇ ਹੋਵੇ ਅਤੇ ਦੂਜੇ ਹੱਥ ਨਾਲ ਐਂਪਾਊਲ ਸਨੈਪਰ ਦੇ ਤੰਗ ਸਿਰੇ ਨੂੰ ਮਜ਼ਬੂਤੀ ਨਾਲ ਐਂਪਾਊਲ ਦੇ ਸਿਖਰ ਉੱਤੇ ਰੱਖੋ ਜਦ ਤੱਕ ਕਿ ਇਹ ਕਲਿੱਕ ਕਰਕੇ ਸਹੀ ਥਾਂ ਨਾ ਆ ਜਾਵੇ।

ਇੱਕ ਹੱਥ ਵਿੱਚ ਮਜ਼ਬੂਤੀ ਨਾਲ ਐਂਪਾਊਲ ਦੇ ਥੱਲੇ ਨੂੰ ਪਕੜੋ ਅਤੇ ਦੂਜੇ ਹੱਥ ਨਾਲ ਐਂਪਾਊਲ ਸਨੈਪਰ ਨੂੰ ਆਪਣੇ ਵੱਲ ਖਿੱਚ੍ਹਦੇ ਹੋਏ ਐਂਪਾਊਲ ਦੇ ਸਿਖਰਲੇ ਭਾਗ ਨੂੰ ਤੋੜੋ।

ਖੋਲ੍ਹੇ ਗਏ ਐਂਪਾਊਲ ਨੂੰ ਕਾਰਜ ਸਤਹ ਉੱਤੇ ਰੱਖੋ। ਟੁੱਟੇ ਸਿਰੇ ਅਤੇ ਐਂਪਾਊਲ ਸਨੈਪਰ ਨੂੰ ਤਿੱਖੀਆਂ ਚੀਜ਼ਾਂ ਪਾਉਣ ਵਾਲੇ ਕੂੜੇਦਾਨ ਵਿੱਚ ਸੁੱਟ ਦਿਓ।

# 3. ਘੋਲ਼ਕ ਨੂੰ ਸਰਿੰਜ ਵਿੱਚ ਖਿੱਚ੍ਹਣਾ



ਤਿਆਰ ਕੀਤੀ ਸਰਿੰਜ ਲਓ ਅਤੇ ਸੂਈ ਦੇ ਕਵਰ ਨੂੰ ਉਤਾਰ ਦਿਓ।

ਇੱਕ ਹੱਥ ਵਿੱਚ ਸਰਿੰਜ ਅਤੇ ਦੂਜੇ ਹੱਥ ਵਿੱਚ ਖੁੱਲ੍ਹਾ ਹੋਇਆ ਐਂਪਾਊਲ ਲੈਕੇ, ਸੂਈ ਨੂੰ ਘੋਲ਼ ਵਿੱਚ ਪਾਓ। ਇਹ ਯਕੀਨੀ ਬਣਾਉਂਦੇ ਹੋਏ ਕਿ ਸੂਈ ਦੀ ਨੋਕ ਤਰਲ ਦੀ ਸਤਹ ਦੇ ਹੇਠਾਂ ਰਹਿੰਦੀ ਹੈ, ਸਾਰਾ ਤਰਲ ਸਰਿੰਜ ਵਿੱਚ ਖਿੱਚ੍ਹੋ।
ਇਹ ਸਰਿੰਜ ਵਿੱਚ ਹਵਾ ਦਾਖਲ ਹੋਣ ਦੀ ਸੰਭਾਵਨਾ ਨੂੰ ਘੱਟ ਕਰਦਾ ਹੈ।

ਰੱਖਿਆਤਮਕ ਕਵਰ ਨੂੰ ਸੂਈ ਉੱਤੇ ਲਗਾ ਦਿਓ ਅਤੇ ਖਾਲੀ ਐਂਪਾਊਲ ਨੂੰ ਤਿੱਖੀਆਂ ਚੀਜ਼ਾਂ ਪਾਉਣ ਵਾਲੇ ਕੂੜੇਦਾਨ ਵਿੱਚ ਸੁੱਟ ਦਿਓ।

# 4. ਦਵਾਈ ਨੂੰ ਟੀਕੇ ਵਾਸਤੇ ਤਿਆਰ ਕਰਨਾ

ਦਵਾਈ (ਸਫੈਦ ਪਾਊਡਰ) ਦੀ ਇੱਕ ਸ਼ੀਸ਼ੀ ਲਓ ਅਤੇ ਰੱਖਿਆਤਮਕ ਪਲਾਸਟਿਕ ਕੈਪ ਉਤਾਰ ਦਿਓ, ਜਿਸ ਨਾਲ ਸ਼ੀਸ਼ੀ ਦੇ ਸਿਖਰ ’ਤੇ ਰਬੜ ਦੀ ਝਿੱਲੀ ਨੰਗੀ ਹੋ ਜਾਵੇ।

ਸਰਿੰਜ ਲਓ ਅਤੇ ਸੂਈ ਉੱਤੋਂ ਰੱਖਿਆਤਮਕ ਕਵਰ ਉਤਾਰ ਦਿਓ।

ਸ਼ੀਸ਼ੀ ਦੇ ਸਿਖਰ ਉੱਤੇ ਰਬੜ ਦੀ ਝਿੱਲੀ ਨੂੰ ਸੂਈ ਨਾਲ ਪੰਕਚਰ ਕਰੋ ਅਤੇ ਹੌਲੀ-ਹੌਲੀ ਤਰਲ ਨੂੰ ਸ਼ੀਸ਼ੀ ਦੇ ਅੰਦਰ ਸਫੈਦ ਪਾਊਡਰ ਵਿੱਚ ਟੀਕੇ ਰਾਹੀਂ ਪਾਓ।

ਸ਼ੀਸ਼ੀ ਨੂੰ ਹਿਲਾਉਣ ਦੀ ਲੋੜ ਤੋਂ ਬਗੈਰ ਸਫੈਦ ਪਾਊਡਰ ਤੁਰੰਤ ਘੁਲ਼ ਜਾਂਦਾ ਹੈ।

ਹੌਲੀ-ਹੌਲੀ ਘੋਲ਼ ਨੂੰ ਸਰਿੰਜ ਵਿੱਚ ਖਿੱਚੋ।




ਜੇ ਤੁਹਾਨੂੰ ਪ੍ਰਤੀ ਟੀਕਾ ਦਵਾਈ ਦੀ ਇੱਕ ਤੋਂ ਵਧੇਰੇ ਸ਼ੀਸ਼ੀ ਦਾ ਨੁਸਖਾ ਦਿੱਤਾ ਗਿਆ ਹੈ ਤਾਂ ਕਦਮ 4 ਨੂੰ ਦੁਹਰਾਉਂਦੇ ਹੋਏ, ਸਰਿੰਜ ਵਿੱਚ ਪਹਿਲਾਂ ਤੋਂ ਮੌਜੂਦ ਘੋਲ਼ ਨੂੰ ਅਗਲੀ ਸ਼ੀਸ਼ੀ ਵਿੱਚ ਟੀਕੇ ਰਾਹੀਂ ਪਾ ਦਿਓ।

ਤੁਹਾਡੀ ਦਵਾਈ ਦੇ ਪੈਕ ਵਿਚਲੇ ਕਿਤਾਬਚੇ ਵਿੱਚ ਘੋਲ਼ਕ ਦੇ ਇੱਕ ਐਂਪਾਊਲ (1 ਮਿ.ਲੀ.) ਵਿੱਚ ਘੋਲ਼ੀਆਂ ਜਾ ਸਕਦੀਆਂ ਸ਼ੀਸ਼ੀਆਂ ਦੀ ਵੱਧ ਤੋਂ ਵੱਧ ਸੰਖਿਆ ਬਾਰੇ ਜਾਣਕਾਰੀ ਦਿੱਤੀ ਗਈ ਹੈ।

# 5. ਟੀਕੇ ਵਾਸਤੇ ਸਰਿੰਜ ਨੂੰ ਤਿਆਰ ਕਰਨਾ

ਜਦ ਸ਼ੀਸ਼ੀਆਂ ਦੀ ਸਹੀ ਸੰਖਿਆ ਵਿਚਲੇ ਅੰਸ਼ਾਂ ਨੂੰ ਸਰਿੰਜ ਵਿੱਚ ਖਿੱਚ੍ਹ ਲਿਆ ਜਾਂਦਾ ਹੈ:

ਪਲੰਜਰ ਨੂੰ ਥੋੜ੍ਹਾ ਜਿਹਾ ਵਾਪਸ ਪਿੱਛੇ ਖਿੱਚੋ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਸੂਈ ਵਿੱਚ ਕੋਈ ਤਰਲ ਬਾਕੀ ਨਹੀਂ ਛੱਡਿਆ ਜਾਂਦਾ।



ਦਵਾਈ ਖਿੱਚ੍ਹਣ ਲਈ ਵਰਤੀ ਗਈ ਸੂਈ ਉੱਤੇ ਰੱਖਿਆਤਮਕ ਕੈਪ ਵਾਪਸ ਚੜ੍ਹਾ ਦਿਓ।

ਸੂਈ ਨੂੰ ਸਰਿੰਜ ਤੋਂ ਉਤਾਰ ਦਿਓ ਅਤੇ ਇਸ ਨੂੰ ਖਾਲੀ ਸ਼ੀਸ਼ੀਆਂ ਦੇ ਨਾਲ ਤਿੱਖੀਆਂ ਚੀਜ਼ਾਂ ਪਾਉਣ ਵਾਲੇ ਕੂੜੇਦਾਨ ਵਿੱਚ ਸੁੱਟ ਦਿਓ।

ਪੈਕੇਜਿੰਗ ਵਿੱਚੋਂ ਛੋਟੀ, ਪੀਲ਼ੀ ਟੀਕੇ ਵਾਲੀ ਸੂਈ ਕੱਢੋ ਅਤੇ ਇਸ ਨੂੰ ਮਜ਼ਬੂਤੀ ਨਾਲ ਸਰਿੰਜ ਨਾਲ ਅਟੈਚ ਕਰੋ।

# 6. ਹੱਥੀਂ ਟੀਕਾ ਲਗਾਉਣਾ

ਸੂਈ ਦੇ ਰੱਖਿਆਤਮਕ ਕਵਰ ਨੂੰ ਹਟਾਓ ਅਤੇ ਹਵਾ ਦੇ ਬੁਲਬੁਲਿਆਂਵਾਸਤੇ ਸਰਿੰਜ ਦੀ ਜਾਂਚ ਕਰੋ।



ਸੂਈ ਨੂੰ ਉੱਪਰ ਵੱਲ ਕਰਕੇ ਰੱਖਦੇ ਹੋਏ ਸਰਿੰਜ ਨੂੰ ਪਕੜੋ ਅਤੇ ਆਪਣੀ ਉਂਗਲੀ ਨਾਲ ਸਰਿੰਜ ਨੂੰ ਹਲਕਾ ਜਿਹਾ ਠਕੋਰੋ ਜਦ ਤੱਕ ਕਿ ਸਾਰੇ ਬੁਲਬੁਲੇ ਸਿਖਰ ਉੱਤੇ ਇਕੱਠੇ ਨਹੀਂ ਹੋ ਜਾਂਦੇ।

ਸਰਿੰਜ ਦੇ ਪਲੰਜਰ ਨੂੰ ਨਰਮਾਈ ਨਾਲ ਧਕੇਲੋ ਜਦ ਤੱਕ ਕਿ ਸਾਰੇ ਬੁਲਬੁਲੇ ਬਾਹਰ ਨਹੀਂ ਨਿਕਲ ਜਾਂਦੇ ਅਤੇ ਸੂਈ ਦੇ ਸਿਰੇ 'ਤੇ ਤਰਲ ਦੀ ਇੱਕ ਬੂੰਦ ਨਜ਼ਰ ਨਹੀਂ ਆਉਂਦੀ।

ਹੁਣ ਤੁਸੀਂ ਟੀਕਾ ਲਾਉਣ ਲਈ ਤਿਆਰ ਹੋ ਜੋ ਲਾਜ਼ਮੀ ਤੌਰ 'ਤੇ ਤੁਰੰਤ ਲਾ ਦਿੱਤਾ ਜਾਣਾ ਚਾਹੀਦਾ ਹੈ।



ਤੁਹਾਡੇ ਸਪੈਸ਼ਲਿਸਟ ਨੇ ਇਸ ਬਾਰੇ ਤੁਹਾਨੂੰ ਸਲਾਹ ਦਿੱਤੀ ਹੋਵੇਗੀ ਕਿ ਟੀਕਾ ਕਿੱਥੇ ਲਾਉਣਾ ਹੈ ਉਦਾਹਰਨ ਲਈ ਢਿੱਡ, ਪੱਟ ਦੇ ਮੂਹਰਲੇ ਪਾਸੇ – ਅਤੇ ਟੀਕੇ ਵਾਲੀ ਥਾਂ ਨੂੰ ਤਿਆਰ ਕਿਵੇਂ ਕਰਨਾ ਹੈ।

ਤੁਹਾਡੇ ਸਪੈਸ਼ਲਿਸਟ ਵੱਲੋਂ ਦਿੱਤੀ ਸਲਾਹ ਅਨੁਸਾਰ ਟੀਕੇ ਵਾਸਤੇ ਆਪਣੀ ਚੁਣੀ ਹੋਈ ਥਾਂ ਨੂੰ ਤਿਆਰ ਕਰੋ।

ਚਮੜੀ ਦੀ ਮਜ਼ਬੂਤੀ ਨਾਲ ਇਕੱਠਿਆਂ ਚੂੰਢੀ ਭਰੋ ਅਤੇ ਸੂਈ ਨੂੰ 45° ਤੋਂ 90° 'ਤੇ ਦਾਖਲ ਕਰੋ, ਅਤੇ ਚਮੜੀ ਹੇਠਾਂ ਟੀਕਾ ਇਸ ਤਰ੍ਹਾਂ ਲਾਓ ਜਿਵੇਂ ਤੁਹਾਨੂੰ ਸਿਖਾਇਆ ਗਿਆ ਸੀ।

ਟੀਕਾ ਸਿੱਧਾ ਨਸ ਵਿੱਚ ਨਾ ਲਾਓ।



ਸਾਰੇ ਤਰਲ ਦਾ ਟੀਕਾ ਲਾਉਣ ਲਈ ਓਨਾ ਸਮਾਂ ਲੈਂਦੇ ਹੋਏ ਜਿੰਨਾ ਲੋੜੀਂਦਾ ਹੈ, ਪਲੰਜਰ ਨੂੰ ਦਬਾਉਂਦੇ ਹੋਏ ਘੋਲ਼ ਦਾ ਟੀਕਾ ਲਗਾਓ।

ਸੂਈ ਨੂੰ ਬਾਹਰ ਕੱਢੋ ਅਤੇ ਤੁਹਾਡੇ ਸਪੈਸ਼ਲਿਸਟ ਵੱਲੋਂ ਦਿੱਤੀ ਸਲਾਹ ਅਨੁਸਾਰ ਚਮੜੀ ਨੂੰ ਸਾਫ਼ ਕਰੋ।

ਵਰਤੀ ਗਈ ਸਰਿੰਜ, ਟੀਕੇ ਵਾਲੀ ਸੂਈ ਅਤੇ ਕਿਸੇ ਬਚੇ ਹੋਏ ਖਾਲੀ ਐਂਪਾਊਲਾਂ ਜਾਂ ਸ਼ੀਸ਼ੀਆਂ ਨੂੰ ਤਿੱਖੀਆਂ ਚੀਜ਼ਾਂ ਪਾਉਣ ਵਾਲੇ ਕੂੜੇਦਾਨ ਵਿੱਚ ਸੁੱਟ ਦਿਓ।

ਜਦ ਤਿੱਖੀਆਂ ਚੀਜ਼ਾਂ ਪਾਉਣ ਵਾਲਾ ਕੂੜੇਦਾਨ ਭਰ ਜਾਂਦਾ ਹੈ ਜਾਂ ਤੁਸੀਂ ਆਪਣੇ ਸਾਰਾ ਇਲਾਜ ਖਤਮ ਕਰ ਲਿਆ ਹੈ ਤਾਂ ਤਿੱਖੀਆਂ ਚੀਜ਼ਾਂ ਪਾਉਣ ਵਾਲੇ ਕੂੜੇਦਾਨ ਨੂੰ ਸੀਲ ਕਰ ਦਿਓ ਅਤੇ ਇਸ ਨੂੰ ਆਪਣੇ ਕਲੀਨਿਕ ਵੱਲੋਂ ਦਿੱਤੀਆਂ ਹਿਦਾਇਤਾਂ ਅਨੁਸਾਰ ਸੁੱਟੋ।

Caring Innovation

## ਪ੍ਰਤੀਕੂਲ ਘਟਨਾਵਾਂ

ਜੇ ਤੁਹਾਨੂੰ ਕੋਈ ਅਣਚਾਹੇ ਅਸਰ ਹੁੰਦੇ ਹਨ, ਤਾਂ ਆਪਣੇ ਡਾਕਟਰ, ਦਵਾ ਫਰੋਸ਼ ਜਾਂ ਨਰਸ ਦੇ ਨਾਲ ਗੱਲ ਕਰੋ। ਇਸ ਵਿੱਚ ਕੋਈ ਸੰਭਾਵਿਤ ਅਣਚਾਹੇ ਅਸਰ ਵੀ ਸ਼ਾਮਲ ਹਨ ਜੋ ਇਸ ਪੈਕੇਜ ਦੇ ਕਿਤਾਬਚੇ ਵਿੱਚ ਸੂਚੀਬੱਧ ਨਹੀਂ ਹਨ।

ਤੁਸੀਂ https:/yellowcard.mhra.gov.uk/'ਤੇ ਪੀਲ਼ਾ ਕਾਰਡ ਸਕੀਮ (Yellow Card Scheme) ਰਾਹੀਂ ਸਿੱਧੇ ਤੌਰ 'ਤੇ ਵੀ ਅਣਚਾਹੇ ਅਸਰਾਂ ਦੀ ਰਿਪੋਰਟ ਕਰ ਸਕਦੇ ਹੋ।

ਅਣਚਾਹੇ ਅਸਰਾਂ ਦੀ ਰਿਪੋਰਟ ਕਰਨ ਦੁਆਰਾ ਤੁਸੀਂ ਇਸ ਦਵਾਈ ਦੀ ਸੁਰੱਖਿਆ ਬਾਰੇ ਹੋਰ ਜਾਣਕਾਰੀ ਪ੍ਰਦਾਨ ਕਰਨ ਵਿੱਚ ਮਦਦ ਕਰ ਸਕਦੇ ਹੋ।

IBSA Pharma Limited
Sullivan House,
4-6 Colonial Business Park,
Colonial Way,
Watford WD24 4PR

WWW.IBSAPHARMA.CO.UK
ਟੈਲੀ: +44 (0)1923 233 466